ParentConnect

MEDIA: Ajit Weekly DATE: Oct 26, 2017 S M T W T F S

PROV: ON PAGE: Section C



# ਨਵੇਂ ਅਤੇ ਪਰਵਾਸੀ ਮਾਤਾ-ਪਿਤਾ ਲਈ ਨਿਵੇਕਲਾ 'ਪਰਵਰਿਸ਼ ਕੇਂਦਰ' ਸ਼ੁਰੂ

## ਪੇਰੈਂਟ-ਕੋਨੈਕਟ ਇੱਕ ਪਲੈਫ਼ਾਰਮ ਹੇਠ ਦੇਵੇਗਾ ਬੱਚਿਆਂ ਨਾਲ ਸਬੰਧਤ ਸੇਵਾਵਾਂ




ਮਾਰਖਮ: ਬੀਤੇ ਵੀਕਐਂਡ 'ਤੇ ਇੱਕ ਅਜਿਹੀ ਨਿਵੇਕਲੀ ਪੇਰੈਂਟਿੰਗ ਕਮਿਊਨਿਟੀ ਹੱਬ (ਭਾਈਚਾਰਕ ਪਰਵਰਿਸ਼ ਕੇਂਦਰ) ਦੀ ਸ਼ੁਰੂਆਤ ਕੀਤੀ ਗਈ ਜਿਹੜੀ ਨਵੇਂ ਅਤੇ ਇਮੀਗ੍ਰੈਂਟ ਮਾਤਾ-ਪਿਤਾ ਨੂੰ ਬੱਚਿਆਂ ਦੀ ਪਰਵਰਿਸ਼ ਨਾਲ ਸਬੰਧਤ ਪੇਸ਼ੇਵਰਾਨਾ ਸਲਾਹ ਮਸ਼ਵਰਾ ਦੇਵੇਗੀ ਅਤੇ ਉਨ੍ਹਾਂ ਸਾਰੇ ਸ੍ਰੋਤਾਂ ਤੋਂ ਜਾਣੂ ਕਰਾਏਗੀ ਜਿਨ੍ਹਾਂ ਦੀ ਮਾਂ-ਬਾਪ ਨੂੰ ਲੋੜ ਹੈ।

ParentConnect ਦੀ ਸੰਸਥਾਪਕ, ਲੋਰੈਟਾ ਲੈਮ, ਦਾ ਕਹਿਣਾ ਹੈ ਕਿ ਹਾਲ ਦੇ ਸਾਲਾਂ ਦੌਰਾਨ ਯੌਰਕ ਦੇ ਇਲਾਕੇ ਵਿੱਚ ਜ਼ਬਰਦਸਤ ਜਨਸੰਖਿਆ ਵਾਧਾ ਹੋਇਆ ਹੈ "ਬੱਚਿਆਂ ਦੀ ਸਾਕਾਰਾਤਮਕ ਪਰਵਰਿਸ਼ ਲਈ ਮਾਂ-ਬਾਪ ਨੂੰ ਪ੍ਰੇਰਿਤ ਕਰਨਾ ਹੀ ਸਾਡੀ ਜਥੇਬੰਦੀ ਦਾ ਮੁੱਖ ਮਿਸ਼ਨ ਹੈ ਤਾਂ ਕਿ ਉਹ ਖ਼ੁਸ਼ ਅਤੇ ਸਿਹਤਮੰਦ ਬੱਚਿਆਂ ਦੀ ਪਰਵਰਿਸ਼ ਕਰ ਸਕਣ," ਲੈਮ ਨੇ ਦੱਸਿਆ। ਸੈਂਸਸ 2016 ਅਨੁਸਾਰ ਯੌਰਕ ਖੇਤਰ ਵਿੱਚ ਰਹਿੰਦੇ ਕੁੱਲ 1.1 ਮਿਲੀਅਨ ਲੋਕਾਂ ਵਿੱਚੋਂ 30 ਪ੍ਰਤੀਸ਼ਤ ਤੋਂ ਵੱਧ ਪਰਵਾਸੀ ਭਾਈਚਾਰਿਆਂ 'ਚੋਂ ਸਨ। ਇਸ ਅੰਕੜੇ ਨੇ ਹੋਰ ਵੀ ਵਧਣਾ ਹੈ ਕਿਉਂਕਿ ਰਹਿਣ ਲਈ ਪਰਵਾਸੀਆਂ ਨੂੰ ਕੈਨੇਡਾ ਵਿੱਚ GTA ਹੀ ਸਭ ਤੋਂ ਵੱਧ ਪਸੰਦ ਹੈ।

ParentConnect ਨੇ ਆਪਣੇ ਪਹਿਲੇ ਸਾਲਾਨਾ ਸਮਾਗਮ - ਪੇਰੈਂਟਿੰਗ ਐਕਸਪੋ 2017 - ਦਾ ਆਯੋਜਨ ਕੀਤਾ ਤਾਂ ਕਿ ਆਉਣ ਵਾਲੇ ਮਹਿਮਾਨਾਂ ਨੂੰ ਇਹ ਦਿਖਾਇਆ ਜਾ ਸਕੇ ਕਿ ਇਹ ਨਵੀਂ ਖੋਲ੍ਹੀ ਗਈ ਪੇਰੈਂਟਿੰਗ ਹੱਬ ਕਿਹੜੀਆਂ ਕਿਹੜੀਆਂ ਸੇਵਾਵਾਂ ਪ੍ਰਦਾਨ ਕਰੇਗੀ। ਐਕਸਪੋ ਦਾ ਆਯੋਜਨ ਅਕਤੂਬਰ 21 ਅਤੇ 22 ਨੂੰ ਮਾਰਖਮ ਈਵੈਂਟ ਸੈਂਟਰ, 95 ਡੱਫ਼ੀਲਡ ਰੋਡ ਵਿਖੇ ਸਵੇਰੇ 10 ਤੋਂ ਸ਼ਾਮ ਦੇ 6 ਵਜੇ ਦਰਮਿਆਨ ਕੀਤਾ ਗਿਆ। ਪ੍ਰਬੰਧਕਾਂ ਦਾ ਕਹਿਣਾ ਹੈ ਕਿ ਬੀਤੇ ਵੀਕਐਂਡ ਦੇ ਇਨ੍ਹਾਂ ਦੋ ਦਿਨਾਂ ਦੌਰਾਨ ਕੁਝ ਕੁ ਹਜ਼ਾਰ ਮਹਿਮਾਨਾਂ ਨੇ ਐਕਸਪੋ ਵਿੱਚ ਸ਼ਮੂਲੀਅਤ ਕੀਤੀ। ਆਈਕੀਆ ਨੌਰਥ ਯੌਰਕ, ਦਾ ਰੈਮਿੰਗਟਨ ਗਰੁੱਪ ਅਤੇ ਟੀਡੀ ਵੈੱਲਥ ਇਸ ਐਕਸਪੋ ਦੇ ਮੁੱਖ ਕੌਰਪੋਰੇਟ ਸਪੌਂਸਰ ਸਨ।

IKEA ਨੌਰਥ ਯੌਰਕ ਦੀ ਸਟੋਰ ਮੈਨੇਜਰ ਜੈਨੇਟ ਮੈਕਗੋਵਨ ਨੇ ਉੱਥੇ ਮੌਜੂਦ ਮਾਤਾ-ਪਿਤਾ ਨੂੰ ਆਈਕੀਆ ਫ਼ਰਨੀਚਰ ਕੰਪਨੀ ਦੇ ਬੱਚਿਆਂ ਦੀ ਸਹੀ ਪਰਵਰਿਸ਼ ਨੂੰ ਲੈ ਕੇ ਸਿਧਾਂਤਾਂ ਤੋਂ ਜਾਣੂ ਕਰਾਇਆ। "ਦਰਅਸਲ, 9™51 'ਤੇ ਸਾਡਾ ਇਹ ਮੰਨਣਾ ਹੈ ਕਿ ਬੱਚੇ ਹੀ ਕਿਸੇ ਕੌਮ ਦਾ ਸਭ ਤੋਂ ਵੱਡਾ ਸਰਮਾਇਆ ਹੁੰਦੇ ਹਨ, ਅਤੇ ਜੇਕਰ ਅਸੀਂ ਉਨ੍ਹਾਂ ਦੀ ਸਹੀ ਪਰਵਰਿਸ਼ ਕਰ ਸੱਕੀਏ ਤਾਂ ਸੋਚੋ ਇਹ ਸੰਸਾਰ ਕਿੰਨਾ ਵਧੀਆ ਸਥਾਨ ਬਣ ਸਕਦਾ ਹੈ, ਸੋ ਸਾਡੇ ਲਈ ਇਸ ਨੌਨ-ਪ੍ਰੌਫ਼ਿਟ ਪ੍ਰੋਜੈਕਟ ਵਿੱਚ ਸ਼ਾਮਿਲ ਹੋਣਾ ਸੁਭਾਵਕ ਹੀ ਸੀ," ਮੈਕਗੋਵਨ ਨੇ ਕਿਹਾ।

ਉਸ ਦਾ ਕਹਿਣਾ ਸੀ ਕਿ IKEA ਲਈ ਆਪਣੇ ਗਾਹਕਾਂ ਦੀਆਂ ਭਾਈਚਾਰਕ ਸਰਗਰਮੀਆਂ ਵਿਚ ਹਿੱਸਾ ਲੈਣਾ ਬਹੁਤ ਮਹੱਤਵ ਰੱਖਦਾ ਹੈ ਕਿਉਂਕਿ ਕੰਪਨੀ ਦੇ 60 ਪ੍ਰਤੀਸ਼ਤ ਤੋਂ ਵੱਧ ਕਰਮਚਾਰੀ ਘੱਟ ਗਿਣਤੀ ਭਾਈਚਾਰਿਆਂ 'ਚੋਂ ਹਨ। ਮੈਗੋਵਨ ਨੇ ਸਮੁੱਚੇ ਭਾਰਤੀ ਭਾਈਚਾਰੇ ਨੂੰ ਸੱਦਾ ਦਿੱਤਾ ਕਿ ਉਹ ਨੌਰਥ ਯੌਰਕ ਸਟੋਰ 'ਤੇ ਆ ਕੇ ਉਸ ਨਾਲ ਸੰਪਰਕ ਕਰਨ ਅਤੇ ਉਹ ਉਨ੍ਹਾਂ ਦੀ ਹਰ ਤਰ੍ਹਾਂ ਦੀ ਮਦਦ ਕਰੇਗੀ। ਪੇਰੈਂਟਿੰਗ ਐਕਸਪੋ 2017 ਵਿੱਚ ਪਬਲਿਕ ਅਤੇ ਪ੍ਰਾਈਵੇਟ ਸੈਕਟਰ ਤੋਂ 40 ਦੇ ਕਰੀਬ ਕੰਪਨੀਆਂ ਨੇ ਆਪਣੀਆਂ ਪ੍ਰਦਰਸ਼ਨੀਆਂ ਲਗਾਈਆਂ ਅਤੇ ਮੌਜੂਦ ਮਹਿਮਾਨਾਂ ਨੂੰ ਉਤਪਾਦਾਂ ਤੇ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਮੌਜੂਦ ਮਹਿਮਾਨਾਂ ਨਾਲ ਵੱਖ ਵੱਖਰੇ ਕਿੱਤਿਆਂ ਦੇ 20 ਮਾਹਿਰਾਂ ਨੇ ਅੰਗ੍ਰੇਜ਼ੀ, ਕੈਨਟੋਨੀਜ਼ ਅਤੇ ਮੈਂਡਰਿਨ ਭਾਸ਼ਾਵਾਂ ਵਿੱਚ ਗੱਲਬਾਤ ਕੀਤੀ। ਇਸ ਅਵਸਰ 'ਤੇ ਚਾਈਲਡ ਸਾਈਕੋਲੋਜੀ, ਜੱਚਾ-ਬੱਚਾ ਦੀ ਖ਼ੁਰਾਕ, ਬਾਲ ਸਿਹਤ, ਬਾਲ ਭਲਾਈ, ਹੋਮ ਸੈਕਿਓਰਿਟੀ, ਕਾਰ ਸੇਫ਼ਟੀ, ਕਾਰ ਸੀਟ ਕਲਿਨਿਕ ਦੇ ਨਾਲ ਨਾਲ ਚਾਈਨੀਜ਼ ਜੜ੍ਹੀਆਂ ਬੂਟੀਆਂ, ਆਦਿ ਬਾਰੇ ਜਾਣਕਾਰੀ ਦਿੱਤੀ ਗਈ।

ਯੌਰਕ ਰੀਜਨਲ ਪੁਲਿਸ ਦੇ ਕੌਂਸਟੇਬਲ ਇਮਤਿਆਜ਼ ਮਾਂਜਰਾ ਆਪਣੇ ਮਹਿਕਮੇ ਵਲੋਂ ਐਕਸਪੋ ਵਿੱਚ ਪਹੁੰਚੇ ਸਨ ਅਤੇ ਉਨ੍ਹਾਂ ਨੇ ਉੱਥੇ ਮੌਜੂਦ ਮਾਂ-ਬਾਪ ਨੂੰ ਬੱਚਿਆਂ ਦੀ ਸੁਰੱਖਿਆ, ਟਰੈਫ਼ਿਕ ਸੇਫ਼ਟੀ, ਬਾਈਕ ਸੇਫ਼ਟੀ ਅਤੇ ਘਰਾਂ ਵਿੱਚ ਇਕੱਲੇ ਬੱਚਿਆਂ ਦੀ ਸੁਰਖਿਆ ਸੁਨਿਸ਼ਚਿਤ ਕਰਨ ਸਬੰਧੀ ਟਿਪਸ ਦਿੱਤੇ। ਇਸ ਮੌਕੇ 'ਤੇ ਪਹੁੰਚਣ ਵਾਲੇ ਪਤਵੰਤਿਆਂ ਵਿੱਚ ਮਾਰਖਮ ਦੇ ਮੇਅਰ ਫ਼ਰੈਂਕ ਸਕਾਰਪਿੱਟੀ, ਮਾਰਖਮ ਦੇ ਸਿਟੀ ਕਾਉਂਸਲਰਜ਼ ਨਿਰਮਲਾ ਆਰਮਸਟ੍ਰੌਂਗ, ਡੌਨ ਹੈਮਿਲਟਨ ਅਤੇ ਐਲਨ ਹੋ, ਮੈਂਬਰ ਪਾਰਲੀਮੈਂਟ ਬੌਬ ਸਰੋਇਆ (ਮਾਰਖਮ-ਯੂਨੀਅਨ ਵਿੱਲ) ਅਤੇ ਮੈਂਬਰ ਪਾਰਲੀਮੈਂਟ ਮੈਰੀ ਇੰਗ (ਮਾਰਖਮ-ਥੌਰਨਹਿੱਲ) ਸ਼ਾਮਿਲ ਸਨ।

ਪਰਵਰਿਸ਼ ਕੇਂਦਰ ਸਬੰਧੀ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ 'ਤੇ ਜਾਓ: www.ParentConnect.ca

## ਹੁਣ ਫੇਸਬੁੱਕ ਵੀ ਦੇ ਰਿਹਾ ਪੈਸੇ ਭੇਜਣ ਦੀ ਸਹੂਲਤ

ਵਾਸ਼ਿਗਟਨ: ਆਨਲਾਈਨ ਪੇਮੈਂਟ ਗੇਟਵੇਅ ਪੇ-ਪਾਲ ਨੇ ਅਮਰੀਕੀ ਫੇਸਬੁੱਕ ਯੂਜ਼ਰਸ ਨੂੰ ਫੇਸਬੁੱਕ ਮੈਸੇਂਜਰ ਰਾਹੀਂ ਪੈਸੇ ਭੇਜਣ ਦੀ ਸਹੂਲਤ ਦੇਣਾ ਸ਼ੁਰੂ ਕਰ ਦਿੱਤਾ ਹੈ। ਇਸ ਦੇ ਲਈ ਯੂਜ਼ਰਸ ਨੂੰ ਪੇ-ਪਾਲ ਅਕਾਊਂਟ ਨੂੰ ਫੇਸਬੁੱਕ ਮੈਸੇਂਜਰ ਨਾਲ ਅਟੈਚ ਕਰਨਾ ਹੋਵੇਗਾ। ਦਸ ਦਈਏ ਕਿ ਪੇ-ਪਾਲ ਪੀਲਾ-ਟੂ-ਪੀਲਾ ਪੇਮੈਂਟ ਦੇ ਮਾਮਲੇ 'ਚ 24 ਬਿਲੀਅਨ ਡਾਲਰ ਦੇ ਟਰਾਂਜੈਕਸ਼ਨ ਦੇ ਨਾਲ ਨੰਬਰ 1 ਇੱਕ 'ਤੇ ਹੈ।

ਇਸ ਸਰਵਿਸ ਦੇ ਨਾਲ ਲੋਕਾਂ ਨੂੰ ਇੱਕ ਹੀ ਐਪ ਤੋਂ ਪੇਮੈਂਟ ਕਰਨ ਦੀ ਵੀ ਸਹੂਲਤ ਮਿਲ ਸਕੇਗੀ। ਸਿਰਫ਼ ਮੈਸੇਂਜਰ ਰਾਹੀਂ ਹੀ ਮੈਸੇਜ, ਵੀਡੀਓ ਕਾਲ ਅਤੇ ਹੁਣ ਪੇਮੈਂਟ ਵੀ ਕਰ ਸਕਣਗੇ। ਇਸ 'ਚ ਕੈਬ ਰਾਇਡ, ਸ਼ਾਪਿੰਗ ਅਤੇ ਮੂਵੀ ਟਿਕਟ ਵਰਗੀ ਚੀਜ਼ਾਂ ਲਈ ਪੇਮੈਂਟ ਕੀਤਾ ਜਾ ਸਕੇਗਾ। ਦੱਸ ਦਈਏ ਕਿ ਇਸ ਦੇ ਲਈ ਪੇ-ਪਾਲ ਨੇ ਪਿਛਲੇ ਸਾਲ ਫੇਸਬੁੱਕ ਮੈਸੇਂਜਰ ਦੇ ਨਾਲ ਕਰਾਰ ਕੀਤਾ ਸੀ। ਫ਼ਿਲਹਾਲ ਇਸ ਦਾ ਫ਼ਾਇਦਾ 25,00,000 ਤੋਂ ਜ਼ਿਆਦਾ ਅਮਰੀਕੀ ਫੇਸਬੁੱਕ ਯੂਜ਼ਰਸ ਚੁੱਕ ਸਕਣਗੇ। ਇਸ ਦੇ ਲਈ ਫੇਸਬੁਕ ਮੈਸੇਂਜਰ ਐਪ 'ਚ ਪੇਮੈਂਟ ਬਟਨ ਐਡ ਕੀਤਾ ਗਿਆ ਹੈ। ਇਸ ਦੇ ਰਾਹੀਂ ਇੱਕ ਜਾਂ ਕਈ ਯੂਜ਼ਰਸ ਨੂੰ ਇਕੱਠੇ ਵੀ ਪੈਸੇ ਭੇਜੇ ਜਾ ਸਕਦੇ ਹਨ।

ਇਸ ਦੇ ਬਾਰੇ 'ਚ ਗੱਲ ਕਰਦੇ ਹੋਏ ਪੇ-ਪਾਲ ਦੇ ਚੀਫ਼ ਆਪਰੇਟਿੰਗ ਆਫ਼ੀਸਰ ਬਿਲ ਰੇਡੀ ਨੇ ਕਿਹਾ, ਪੇ-ਪਾਲ ਨੂੰ ਫੇਸਬੁੱਕ ਮੈਸੇਂਜਰ 'ਚ ਲਿਆਉਣ ਦੇ ਨਾਲ ਹੀ ਅਸੀਂ ਮੈਸੇਂਜਰ ਲਈ ਆਪਣਾ ਪਹਿਲਾ ਪੇ-ਪਾਲ ਕਸਟਮਰ ਸਰਵਿਸ ਬਾਟ ਵੀ ਸ਼ੁਰੂ ਕਰ ਰਹੇ ਹਾਂ।